JETIR.ORG ISSN: 2349-5162 | ESTD Year : 2014 | Monthly Issue
JOURNAL OF EMERGING TECHNOLOGIES AND INNOVATIVE RESEARCH (JETIR)
An International Scholarly Open Access, Peer-reviewed, Refereed Journal

# ਸ੍ਰੀ ਗੁਰੂ ਗ੍ਰੰਥ ਸਾਹਿਬ: ਸੰਪਾਦਕੀ ਜੁਗਤਾਂ

ਮਨਜਿੰਦਰ ਸਿੰਘ
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦਾ ਅਧਿਆਤਮਕ ਅਨੁਭਵ ਹੈ। ਇਹ ਉਹ ਰਹਸਮਈ ਵਰਤਾਰਾ ਹੈ, ਜਿਹੜਾ ਬਾਣੀਕਾਰਾਂ ਨੂੰ ਅਕਾਲਪੁਰਖ ਵਾਹਿਗੁਰੂ ਨਾਲ ਅਭੇਦ ਹੋਇਆਂ ਪ੍ਰਾਪਤ ਹੋਇਆ। ਸਿਖ ਧਰਮ ਦਸ ਗੁਰੂ ਸਾਹਿਬਾਨ ਦੇ ਦੈਵੀ ਅਨੁਭਵ ਵਿਚੋਂ ਨਿਕਲਿਆ ਧਰਮ ਹੈ, ਜਿਸ ਦੀ ਸ਼ੁਰੂਆਤ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਹੁੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵੇਈਂ ਕੰਢੇ ਪ੍ਰਾਪਤ ਹੋਏ 'ਅੰਮ੍ਰਿਤ ਨਾਮੁ ਭੋਜਨੁ' ਦੇ ਖੂਬਸੂਰਤ ਲਮਹਿਆਂ ਨੂੰ ਭਾਈ ਮਿਹਰਬਾਨ (1580-1639 ਈ.) ਨੇ ਇਸ ਤਰ੍ਹਾਂ ਕਲਮਬਧ ਕੀਤਾ ਹੈ:

> *...ਤਬ ਤੀਸਰੈ ਦਿਨਿ ਗੁਰੂ ਬਾਬਾ ਜੀ ਨਿਕਲਿ ਆਇਆ॥ ਸੰਮਤਿ ੧੫੬੪ ਭਾਦੋ ਸੁਦੀ ੧੫ ਪੂਰਨਮਾ ਕੈ ਦਿਨਿ ਭਲਕੇ ਹੀ [ਐਤਵਾਰ, ਅੰਮ੍ਰਿਤ ਵੇਲਾ, 22 ਅਗਸਤ 1507 ਈ.] ਪਰਮੇਸੁਰ ਕੇ ਨਾਵ ਕਾ ਪਰਗਾਸੁ ਹੋਆ, ਸ੍ਰੀ ਪਾਰਬ੍ਰਹਮ ਸਾਵਧਾਨ ਨਦੀ ਕੈ ਬਿਖੈ ਮਿਲਿਆ ਬਾਬੇ ਨਾਨਕ ਜੀ ਕੰਉ॥*[1]

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜੋਤਿ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਵਡੇ ਗੁਰੂ ਸਾਹਿਬਾਨ ਕੋਲੋਂ ਪ੍ਰਾਪਤ ਹੋਈਆਂ ਪੋਥੀਆਂ, ਪਤਰਿਆਂ, ਗੁਟਕਿਆਂ ਆਦਿ ਨੂੰ ਇਕ ਵਿਧੀਵਤ ਰੂਪ ਦੇਣ ਲਈ ਰਾਮਸਰ ਨਾਂ ਦੇ ਸਥਾਨ ਉਤੇ ਗੁਰਬਾਣੀ ਦੇ ਸੰਪਾਦਨ ਦਾ ਕਾਰਜ 1601 ਈ. ਵਿਚ ਸ਼ੁਰੂ ਕੀਤਾ। ਆਦਿ ਬੀੜ ਦੀ ਸੰਪਾਦਨਾ ਕਰਵਾਉਂਦੇ ਸਮੇਂ ਗੁਰੂ ਸਾਹਿਬ ਨੇ ਭਾਈ ਗੁਰਦਾਸ ਜੀ ਨੂੰ ਬਾਣੀ ਲਿਖਣ ਦੀ ਸੇਵਾ ਬਖਸ਼ੀ। ਇਨ੍ਹਾਂ ਦੇ ਨਾਲ-ਨਾਲ ਗੁਰੂ ਸਾਹਿਬ ਨੇ ਹੋਰ ਲਿਖਾਰੀ ਵੀ ਲਏ। ਭਾਈ ਕੇਸਰ ਸਿੰਘ ਛਿਬਰ ਨੇ ਅਜਿਹੇ ਚਾਰ ਲਿਖਾਰੀਆਂ ਦਾ ਜ਼ਿਕਰ ਕੀਤਾ ਹੈ:

> *ਭਾਈ ਸੰਤ ਦਾਸ ਤੇ ਹਰੀਆ ਸੁਖਾ ਮਨਸਾ ਰਾਮ ਲਿਖਦੇ ਜਾਨ।*
> *ਚਾਰੇ ਲਿਖਾਰੀ, ਜੋ ਸਾਹਿਬ [ਗੁਰੂ ਅਰਜਨ ਦੇਵ ਜੀ ] ਕਰਨ ਬਖਾਨ॥*

ਸੰਪਾਦਨਾ ਦਾ ਸਮੁਚਾ ਕਾਰਜ ਅਗਸਤ, 1604 ਨੂੰ ਸਮਾਪਤ ਹੋਇਆ। ਅਗਲੇ ਕੁਝ ਦਿਨਾਂ ਵਿਚ ਸੰਪਾਦਿਤ ਪਾਠ ਦੇ ਉਤਾਰੇ, ਸੈਂਚੀਆਂ, ਜਿਲਦ ਆਦਿ ਦਾ ਪ੍ਰਬੰਧ ਕੀਤਾ ਗਿਆ। ਉਪਰੰਤ 'ਆਦਿ ਗ੍ਰੰਥ' ਦਾ ਸ੍ਰੀ ਦਰਬਾਰ ਸਾਹਿਬ ਵਿਚ ਪ੍ਰਕਾਸ਼ ਕੀਤਾ ਗਿਆ। ਬਾਬਾ ਬੁਢਾ ਜੀ, ਭਾਈ ਗੁਰਦਾਸ, (ਗੁਰੂ) ਹਰਿਗੋਬਿੰਦ ਸਾਹਿਬ ਆਦਿ ਮੁਖੀ ਸਿਖਾਂ ਸਮੇਤ ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਆਦਿ ਬੀੜ' ਦਾ ਸਰੂਪ ਪੂਰੇ ਅਦਬ ਸਤਿਕਾਰ ਸਹਿਤ ਸ੍ਰੀ ਦਰਬਾਰ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਵਿਖੇ ਲਿਆ ਕੇ ਪ੍ਰਕਾਸ਼ ਕੀਤਾ। ਉਪਰੰਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦਸਵੀਂ ਜੋਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਆਦਿ ਗ੍ਰੰਥ' ਵਿਚ ਪੁਨਰ ਵਾਧਾ ਕਰਦੇ ਹੋਏ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ 'ਆਦਿ ਗ੍ਰੰਥ' ਵਿਚ ਅੰਕਿਤ ਕਰਕੇ ਸਦੀਵ ਕਾਲ ਲਈ 'ਆਦਿ ਗ੍ਰੰਥ' ਨੂੰ ਗੁਰਿਆਈ ਬਖਸ਼ ਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਰੂਪ ਬਖਸ਼ਿਆ।

---

[1] *ਜਨਮਸਾਖੀ ਗੁਰੂ ਨਾਨਕ ਦੇਵ ਜੀ*, ਭਾਗ ਪਹਿਲਾ, ਸਾਖੀ ੨੮.

ਇਸ ਪਰਚੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੰਪਾਦਕੀ ਜੁਗਤਾਂ ਸਮਝਣ ਦਾ ਜਤਨ ਕੀਤਾ ਜਾ ਰਿਹਾ ਹੈ। ਇਸ ਆਹਰ ਵਿਚ ਅਸੀਂ ਨਿਰੋਲ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 'ਤੇ ਕੇਂਦਰਿਤ ਰਹਾਂਗੇ।

ਗੁਰਬਾਣੀ ਦਾ ਸਾਹਿਤਕ ਪਖ, ਹਕੀਕੀ ਤੌਰ ਉਤੇ ਧਰਮ-ਸ਼ਾਸਤਰ ਦੇ ਖੇਤਰ ਨਾਲ ਸੰਬੰਧਿਤ ਹੈ, ਜਿਹੜਾ ਸ਼ਾਇਰੀ ਅਤੇ ਸੰਗੀਤ ਦੇ ਮਾਧਿਅਮ ਰਾਹੀਂ ਪਾਠਕ ਨੂੰ ਸੰਬੋਧਿਤ ਹੈ। ਇਹ ਨਿਰਾ ਮਾਧਿਅਮ ਨਹੀਂ, ਇਹ ਬਾਣੀਕਾਰਾਂ ਦੀ ਲੋਕ-ਜੀਵਨ ਅਤੇ ਇਸ ਦੀ ਸ਼ਾਇਰੀ, ਸੰਗੀਤ ਨਾਲ ਪ੍ਰਤੀਬਧਤਾ ਦਾ ਲਖਾਇਕ ਵੀ ਹੈ। ਇਸੇ ਪ੍ਰਸੰਗ ਵਿਚ ਹੀ ਗੁਰਬਾਣੀ ਵਿਚਲੀਆਂ ਸਾਹਿਤਕ ਰੂੜ੍ਹੀਆਂ (ਚਿੰਨ੍ਹ, ਪ੍ਰਤੀਕ, ਬਿੰਬ, ਅਲੰਕਾਰ, ਰਸ...) ਨੂੰ ਕੇਵਲ ਰੂਪਕ-ਰਚਨਾ ਜਾਂ ਸੰਚਾਰ ਜੁਗਤ ਤਕ ਸੀਮਿਤ ਨਹੀਂ ਰਖਿਆ ਜਾ ਸਕਦਾ, ਇਨ੍ਹਾਂ ਦੇ ਉਪਮਾਨ ਬਾਣੀਕਾਰਾਂ ਦੀਆਂ ਰੀਝਾਂ, ਸਧਰਾਂ ਜਾਂ ਉਦੇਸ਼ਾਂ ਤੋਂ ਵਖ ਨਹੀਂ। ਹਰੇਕ ਬਿੰਬ ਦੀ ਸਿਰਜਨਾ ਪਿਛੇ ਰਚੈਤਾ ਅਤੇ ਉਸ ਦੇ ਸਮੁਚੇ ਭਾਈਚਾਰੇ/ਕੌਮ ਦੀਆਂ ਰੀਝਾਂ ਜਾਂ ਸੁਪਨਿਆਂ ਦਾ ਹਥ ਹੁੰਦਾ ਹੈ। ਗੁਰਬਾਣੀ ਦਾ ਲੋਕ-ਧਾਰਾ, ਸੰਗੀਤ, ਸ਼ਾਇਰੀ ਆਦਿ ਨਾਲ ਡੂੰਘੇਰਾ ਰਿਸ਼ਤਾ ਹੋਣ ਕਾਰਨ ਇਸ ਦਾ ਸਾਹਿਤਕ-ਪਖ ਗੁਰਬਾਣੀ ਦਰਸ਼ਨ ਦੇ ਸਮਾਨੰਤਰ ਹੀ ਮਹਤਾਯੋਗ ਹੈ, ਜਿਹੜਾ ਬਾਣੀ ਪ੍ਰਵਚਨ ਨੂੰ ਜਗਿਆਸੂ ਦੇ ਹਿਰਦੇ-ਭਾਵ ਤਕ ਸੰਚਾਰਿਤ ਕਰਦਾ ਹੈ। ਸੋ ਗੁਰਬਾਣੀ ਦਾ ਸਾਹਿਤਕ ਰੰਗ, ਇਸ ਦੇ ਧਰਮ-ਰੰਗ ਦਾ ਹੀ ਦੂਜਾ ਪਾਸਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਧਿਐਨ ਉਪਰੰਤ ਸਮਝ ਲਗਦੀ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਲਈ ਮੁਖ ਤੌਰ ਉਤੇ ਤਿੰਨ ਤਤ, ਅਧਾਰ ਬਣਾਏ ਹਨ: ਰਾਗ; ਕਾਵਿ-ਰੂਪ ਅਤੇ ਬਾਣੀਕਾਰ।

ਗੁਰੂ ਸਾਹਿਬ ਨੇ ਉਕਤ ਤਿੰਨ ਅਧਾਰਾਂ ਉਪਰ ਬਾਣੀ ਨੂੰ ਤਰਤੀਬ ਦੇ ਕੇ ਸਰਲ, ਸਪਸ਼ਟ ਅਤੇ ਹਰੇਕ ਪਖ ਤੋਂ ਗ੍ਰਹਿਣਯੋਗ ਬਨਾਉਣ ਲਈ ਜਿਹੜੇ ਸੰਪਾਦਕੀ-ਪ੍ਰਬੰਧ ਨਿਰਮਤ ਕੀਤੇ, ਉਹ ਵੀ ਮੁਖ ਤੌਰ ਉਤੇ ਤਿੰਨ ਹਨ:

1. ਸਿਰਲੇਖ ਪ੍ਰਬੰਧ
2. ਅੰਕ ਪ੍ਰਬੰਧ
3. ਰਹਾਉ ਪ੍ਰਬੰਧ

ਇਨ੍ਹਾਂ ਦੀ ਵਿਚਾਰ ਹੇਠ ਦਿਤੇ ਅਨੁਸਾਰ ਹੈ:

### 1. ਸਿਰਲੇਖ ਪ੍ਰਬੰਧ

ਗੁਰਬਾਣੀ ਵਿਚ ਸਿਰਲੇਖ ਇਕ 'ਪ੍ਰਬੰਧ' ਵਜੋਂ ਕਾਰਜਸ਼ੀਲ ਹੈ, ਜਿਸ ਨੂੰ ਸੁਤੰਤਰ ਰੂਪ ਵਿਚ ਪਰਿਭਾਸ਼ਤ ਕੀਤਾ ਜਾ ਸਕਦਾ ਹੈ। ਦਰਅਸਲ, 'ਪ੍ਰਬੰਧ' ਦਾ ਕੋਸ਼ਗਤ ਅਰਥ ਹੈ- ਚੰਗੀ ਤਰ੍ਹਾਂ ਵਿਉਂਤਿਆ ਹੋਇਆ। ਭਾਵ ਅਜਿਹੀ ਹੋਂਦ, ਵਸਤੂ, ਪਾਠ ਜਾਂ ਸੰਸਥਾ 'ਪ੍ਰਬੰਧ' ਕਿਹਾ ਜਾ ਸਕਦੀ ਹੈ, ਜਿਸਦੀ ਪਛਾਣਯੋਗ ਪ੍ਰਕਿਰਤੀ ਹੋਵੇ। ਉਸ ਨੂੰ ਸੁਤੰਤਰ ਪਰਿਭਾਸ਼ਤ ਕੀਤਾ ਜਾ ਸਕੇ, ਉਸ ਦਾ ਕੋਈ ਉਦੇਸ਼ ਹੋਵੇ ਅਤੇ ਗ੍ਰਹਿਣਯੋਗ ਸੁਭਾਅ ਹੋਵੇ।

ਗੁਰਬਾਣੀ ਵਿਚ ਕਾਰਜਸ਼ੀਲ ਸਿਰਲੇਖ-ਪ੍ਰਬੰਧ, ਗੁਰਬਾਣੀ ਦੇ ਸੰਪਾਦਕੀ-ਪ੍ਰਬੰਧ ਦਾ ਹਿੱਸਾ ਹੈ। ਇਸ ਦਾ ਬਾਣੀ ਵਿਚਲੇ ਹੋਰ ਪ੍ਰਬੰਧਾਂ, ਜਿਹਾ ਕਿ 'ਰਹਾਉ, ਅੰਕ, ਰਾਗ, ਲਿਖਤ' ਆਦਿ ਨਾਲ ਕਿਤੇ ਸਿਧਾ ਅਤੇ ਕਿਤੇ ਅਸਿਧਾ ਸੰਬੰਧ ਹੈ। ਦੂਜੇ ਸ਼ਬਦਾਂ ਵਿਚ ਇਹ ਸਾਰੇ ਪ੍ਰਬੰਧ ਅੰਤਰ-ਸੰਬੰਧਿਤ ਹਨ। ਇਸ ਤਰ੍ਹਾਂ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਸਿਰਲੇਖ-ਪ੍ਰਬੰਧ, ਬਾਣੀ ਵਿਚਲੇ ਦੂਸਰੇ ਪ੍ਰਬੰਧਾਂ ਦੀ ਹੋਂਦ ਵਿਚ ਹੀ ਸੁਤੰਤਰ ਹੈ। ਜਿਥੇ ਇਹ ਸੰਪਾਦਕੀ-ਪ੍ਰਬੰਧ ਦਾ ਇਕ ਭਾਗ ਬਣ ਕੇ ਵਿਚਰਦਾ ਹੈ, ਉਥੇ ਇਸ ਅਧੀਨ ਵੀ ਕਈ ਪ੍ਰਬੰਧ ਕਾਰਜਸ਼ੀਲ ਹਨ, ਜਿਵੇਂ: 'ਰਾਗੁ ਜਾਂ ਘਰੁ-ਪ੍ਰਬੰਧ', ਸਿਰਲੇਖ-ਪ੍ਰਬੰਧ ਦਾ ਹੀ ਇਕ ਅੰਗ ਹਨ।

ਗੁਰਬਾਣੀ ਵਿਚ ਵਰਤੇ ਗਏ ਸਿਰਲੇਖਾਂ ਦੀ ਗਿਣਤੀ; ਜੇ ਸਿਰਲੇਖਾਂ ਵਿਚਲੇ ਇਕ ਅੰਗ 'ਬਾਣੀ ਕਾਵਿ-ਰੂਪ' ਨੂੰ ਅਧਾਰ ਬਣਾਇਆ ਜਾਵੇ (ਜਿਵੇਂ ਜਪੁ, ਸੁਖਮਨੀ, ਆਰਤੀ, ਮੁੰਦਾਵਣੀ, ਸੁਚਜੀ, ਕੁਚਜੀ...), ਤਾਂ ਇਹ 73-ਕੁ ਬਣਦੀ ਹੈ। ਇਸ ਵਿਚ ਬਾਣੀ ਕਾਵਿ-ਰੂਪ ਸਿਰਲੇਖਾਂ ਦੀ ਦੁਹਰਾਅ ਗਿਣਤੀ (ਜਿਵੇਂ ਬਾਰਹਮਾਹਾ- ਮ:੧ ਤੇ ੫, ਬਾਵਨ ਅਖਰੀ- ਮ:੫ ਤੇ ਕਬੀਰ ਜੀ, ਪਟੀ- ਮ:੧ ਤੇ ਮ:੩...) ਵੀ ਸ਼ਾਮਿਲ ਹੈ। ਜੇਕਰ ਸਿਰਲੇਖ ਵਿਚਲੇ ਹਰੇਕ ਅੰਗ (ਰਾਗ, ਕਾਵਿ-ਰੂਪ, ਸ਼ਬਦ ਗਿਣਤੀ, ਉਚਾਰਨ ਸੰਕੇਤ ਆਦਿ) ਨੂੰ, ਉਸਦੇ ਅਨੇਕ ਵਾਰ ਹੋਏ ਦੁਹਰਾਅ ਸਮੇਤ ਸ਼ਾਮਿਲ ਕਰ ਲਈਏ ਤਾਂ ਇਹ ਗਿਣਤੀ 4500 ਤੋਂ ਟਪ ਜਾਂਦੀ ਹੈ। ਇਸ ਵਿਚ 'ਰਹਾਉ, ਸਲੋਕ, ਪਉੜੀ' ਜਿਹੇ ਪ੍ਰਬੰਧ/ਕਾਵਿ/ਛੰਦ ਰੂਪ ਤੇ ਨਿਰੋਲ ਸੰਪਾਦਕੀ ਸੰਕੇਤ 'ਸੁਧੁ, ਜੁਮਲਾ' ਆਦਿ ਵੀ ਸ਼ਾਮਿਲ ਹਨ।

ਜੇਕਰ ਗਿਣਤੀ ਕਰਨ ਦਾ ਅਧਾਰ, ਸਿਰਲੇਖ ਦੇ ਇਕ ਜਾਂ ਵਧੇਰੇ ਅੰਗਾਂ ਦੀ ਕੁਲ ਵਰਤੋਂ ਦੇ ਹਰੇਕ ਰੂਪ ਨੂੰ ਬਣਾਈਏ ਤਾਂ ਇਹ ਹਜ਼ਾਰਾਂ ਵਿਚ ਹੈ, ਜਿਵੇਂ 'ਮ:੧' ਦੀ ਇਕਲੀ ਕੁਲ ਵਰਤੋਂ ਹੀ ਸੈਂਕੜਿਆਂ ਵਿਚ ਅਤੇ 'ਰਹਾਉ' ਦੀ 2628 ਵਾਰ ਹੈ।

ਬੁਨਿਆਦੀ ਰੂਪ ਵਿਚ ਸਿਰਲੇਖਾਂ ਦਾ ਦੋ ਭਾਗਾਂ ਵਿਚ ਵਰਗੀਕਰਨ ਕੀਤਾ ਜਾ ਸਕਦਾ ਹੈ:

**1.1 ਮੰਗਲਾਚਰਨ**

ਇਹ 'ਮੂਲ ਮੰਤ੍ਰ' ਰੂਪ ਵਿਚ ਚਾਰ-ਪ੍ਰਕਾਰਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਭਿੰਨ ਥਾਵਾਂ ਉਤੇ ਲਗਪਗ 533 ਵਾਰ ਵਰਤਿਆ ਗਿਆ ਹੈ। ਜੋ ਇਸ ਪ੍ਰਕਾਰ ਹਨ:

1. ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ (੧)
2. ੧ਓ ਸਤਿਗੁਰ ਪ੍ਰਸਾਦਿ॥
3. ੧ਓ ਸਤਿਨਾਮੁ ਗੁਰ ਪ੍ਰਸਾਦਿ॥ (੮੧)
4. ੧ਓ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ॥ (੧੩੭)

**1.2 ਸਿਰਲੇਖ/ਉਪ-ਸਿਰਲੇਖ**

ਇਸ ਦੇ ਅਨੇਕ ਪਸਾਰ ਹਨ। ਸਥਾਨ ਦੀ ਦ੍ਰਿਸ਼ਟੀ ਤੋਂ ਸਿਰਲੇਖ, ਬਾਣੀ/ਸ਼ਬਦ-ਵਿਸ਼ੇਸ਼ ਦੇ ਸਭ ਤੋਂ ਮੁਢ, ਪਰ ਮੰਗਲਾਚਰਨ ਤੋਂ ਇਕਦਮ ਬਾਅਦ ਵਿਚ ਸਥਿਤ ਹਨ। ਮੁਖ ਸਿਰਲੇਖਾਂ ਅਧੀਨ ਬਾਣੀ ਦੇ ਅੰਦਰਵਾਰ ਵਿਚਰਨ ਵਾਲੇ ਉਪ ਸਿਰਲੇਖ, ਜਿਵੇਂ 'ਸਲੋਕ, ਮ:੧...' ਆਦਿ; ਜਿਹੜੇ ਵਾਰ-ਵਾਰ ਦੁਹਰਾਏ ਗਏ ਹਨ, ਬਾਣੀ-ਪਾਠ ਦੇ ਚਲੰਤ ਪ੍ਰਵਾਹ ਵਿਚ ਹੀ ਆਏ ਹਨ। ਸੁਭਾਅ ਪਖੋਂ ਜਿਥੇ ਸਮੁਚੀ ਮੂਲ-ਬਾਣੀ ਕਾਵਿ, ਛੰਦ ਤੇ ਸੰਗੀਤ ਵਿਚ ਹੈ, ਉਥੇ ਸਿਰਲੇਖ ਵਾਰਤਕ ਵਿਚ ਹਨ। ਇਹ ਕਾਵਿ, ਸੰਗੀਤ ਅਤੇ ਛੰਦ ਤੋਂ ਮੁਕਤ ਹਨ। ਧਰਮ-ਸ਼ਾਸਤਰੀ ਦ੍ਰਿਸ਼ਟੀ ਤੋਂ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਜਿਥੇ ਸਾਰੀ ਮੂਲ-ਬਾਣੀ ਅਧਿਆਤਮਕ ਅਨੁਭਵ ਦਾ ਪ੍ਰਗਟਾਵਾ ਹੈ, ਉਥੇ ਸਿਰਲੇਖ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਚੇਰੀ ਬੌਧਿਕ ਸਮਰਥਾ ਦਾ ਪ੍ਰਗਟਾਵਾ ਹਨ।

ਸਿਰਲੇਖਾਂ ਦੇ ਕੁਝ ਅੰਗ, ਖਾਸਕਰ ਬਾਣੀ ਕਾਵਿ-ਰੂਪ, ਜਿਵੇਂ 'ਜਪੁ, ਅਨੰਦੁ, ਸੁਖਮਨੀ' ਸੰਭਵ ਹੈ ਕਿ ਬਾਣੀ-ਸੰਪਾਦਨਾ ਤੋਂ ਪਹਿਲਾਂ ਵੀ ਹੋਣ, ਪਰ ਬੁਨਿਆਦੀ ਰੂਪ ਵਿਚ ਸਿਰਲੇਖਾਂ ਦੇ ਸਿਰਜਨਹਾਰ ਸ੍ਰੀ ਗੁਰੂ ਅਰਜਨ ਦੇਵ ਜੀ ਹਨ। ਜਿਹੜੇ ਸਿਰਲੇਖ 'ਜਪੁ (੧), ਅਨੰਦੁ (੭੧੮), ਕੁਚਜੀ (੭੬੨), ਸੁਚਜੀ (੭੬੨)...' ਆਦਿ ਸੰਪਾਦਨਾ ਤੋਂ ਪਹਿਲਾਂ ਵੀ ਮੂਲ ਕਰਤਿਆਂ ਵਲੋਂ ਦਿਤੇ ਗਏ, ਉਨਾਂ ਨੂੰ ਵੀ ਇਕ ਕ੍ਰਮ ਅਤੇ ਨਿਸ਼ਚਿਤ ਵਿਉਂਤ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹੀ ਵਿਉਂਤਿਆ ਹੈ। ਇਸ ਹਵਾਲੇ ਵਿਚ ਸਿਰਲੇਖ, ਸੰਪਾਦਕੀ-ਵਿਧਾਨ ਦਾ ਭਾਗ ਹਨ।

ਸਿਰਲੇਖਾਂ ਵਿਚ ਗੁਰੂ ਸਾਹਿਬ ਵਲੋਂ ਸ਼ਬਦਾਂ ਅਤੇ ਅੰਕਾਂ ਦੀ ਵਰਤੋਂ ਕੀਤੀ ਗਈ ਹੈ। ਦੂਜੇ ਸ਼ਬਦਾਂ ਵਿਚ ਸਿਰਲੇਖ-ਪ੍ਰਬੰਧ ਨੂੰ ਵਿਉਂਤਣ ਵਿਚ 'ਅੰਕ ਅਤੇ ਸ਼ਬਦ' ਲਿਪੀ-ਚਿੰਨ੍ਹਾਂ ਦਾ ਸਹਾਰਾ ਲਿਆ ਗਿਆ ਹੈ। ਇਕ ਸ਼ਬਦ-ਵਿਸ਼ੇਸ਼ 'ਮਹਲਾ' ਲਈ ਸੰਖੇਪ ਤਰਤੀਬ 'ਮ:' ਵੀ ਸੈਂਕੜੇ ਵਾਰ ਵਰਤੋਂ ਵਿਚ ਆਇਆ ਹੈ।

ਸਿਰਲੇਖਾਂ ਵਿਚ ਦਿਤੀ ਸੂਚਨਾ, ਜੋ ਅੰਕਾਂ ਅਤੇ ਸ਼ਬਦਾਂ ਰਾਹੀਂ ਦਿਤੀ ਗਈ ਹੈ, ਦੀ ਵਰਤੋਂ ਕਈ ਅੰਗੀ ਹੈ। ਇਹ ਇਕ ਅੰਗ ਵਿਚ, ਜਿਵੇਂ: ਸਿਰਫ਼ ਬਾਣੀ ਨਾਂ 'ਜਪੁ' ਤੇ ਦੋ ਅੰਗਾਂ ਵਿਚ ਵੀ, ਜਿਵੇਂ: ਰਾਗ ਤੇ ਬਾਣੀਕਾਰ 'ਗਉੜੀ ਮਹਲਾ ੫' ਅਤੇ ਵਧੇਰੇ ਵੀ ਹੈ। ਇਹ ਵਧ ਤੋਂ ਵਧ ਪੰਜ ਅੰਗਾਂ ਤਕ ਹੈ, ਜਿਵੇਂ: ਆਸਾ ਮਹਲਾ ੫ ਚਉਪਦੇ (ਤਿੰਨ ਅੰਗ: ਰਾਗ, ਬਾਣੀਕਾਰ ਤੇ ਕਾਵਿ/ਛੰਦ ਰੂਪ); ਰਾਗੁ ਭੈਰਉ ਮਹਲਾ ੧ ਘਰੁ ੧ ਚਉਪਦੇ (ਚਾਰ ਅੰਗ: ਰਾਗ, ਬਾਣੀਕਾਰ, ਸੰਗੀਤ-ਮੂਲਕ ਸੰਕੇਤ 'ਘਰੁ' ਤੇ ਛੰਦ/ਕਾਵਿ ਰੂਪ 'ਚਉਪਦੇ') ਅਤੇ ਰਾਗੁ ਮਾਰੂ ਮਹਲਾ ੧ ਘਰੁ ੧ ਚਉਪਦੇ ਸਲੋਕੁ (ਪੰਜ ਅੰਗ: ਰਾਗ, ਬਾਣੀਕਾਰ, ਘਰੁ, ਛੰਦ ਰੂਪ ਦੋ 'ਚਉਪਦੇ ਤੇ ਸਲੋਕ')

**2. ਅੰਕ ਪ੍ਰਬੰਧ**

ਦੂਜੀ ਮੁਖ ਜੁਗਤ ਅੰਕ-ਪ੍ਰਬੰਧ ਨਾਲ ਸੰਬੰਧਿਤ ਹੈ। ਲਿਖਤ ਅਤੇ ਇਸ ਦੀਆਂ ਜੁਗਤਾਂ/ਤਰਕੀਬਾਂ ਨੂੰ ਭਾਸ਼ਾ ਵਿਗਿਆਨ ਦੀ ਸ਼ਾਖਾ ਵਜੋਂ ਪ੍ਰਚਲਿਤ ਰਹੀ ਵਿਦਿਆ ਆਰਥੋਗ੍ਰਾਫੀ (orthography) ਹੇਠ ਪੜ੍ਹਿਆ/ਵਿਚਾਰਿਆ ਜਾਂਦਾ ਹੈ। ਕਿਸੇ ਵੀ ਵਿਸ਼ੈ-ਵਸਤੂ

ਦੀ ਲਿਖਤ ਹੋਵੇ, ਉਸ ਵਿਚ 'ਅੰਕ' ਦੀ ਵਰਤੋਂ ਕਿਸੇ ਨਾ ਕਿਸੇ ਰੂਪ ਵਿਚ ਹਾਜ਼ਰ/ਕਾਰਜਸ਼ੀਲ ਰਹਿੰਦੀ ਹੈ। ਇਸ ਪ੍ਰਸੰਗ ਵਿਚ ਆਰਥੋਗ੍ਰਾਫੀ ਆਪਣੇ ਅਧਿਐਨ ਘੇਰੇ ਵਿਚ ਅੰਕ-ਚਿੰਨ੍ਹਾਂ ਨੂੰ ਵੀ ਸ਼ਾਮਿਲ ਕਰਦੀ ਹੈ। ਵਰਤਮਾਨ ਗੁਰਮੁਖੀ ਲੇਖਣੀ (gurmukhi orthography) ਵਿਚ ਇਹ ਕਈ ਤਰੀਕਿਆਂ ਨਾਲ ਤਿੰਨ ਪਧਰਾਂ ਉਤੇ ਕਾਰਜਸ਼ੀਲ ਹਨ :

**2.1 ਅੰਕ ਰੂਪ ਵਿਚ**

**2.1.1** ਅਰਬੀ ਮੂਲਕ < 0, 1, 2, 3...>

**2.1.2** ਮੌਲਿਕ ਰੂਪ < 0, ੧, ੨, ੩...>

**2.1.3** (ੳ) ਰੋਮਨ – ਵਡੇ < I, II, III...>

(ਅ) ਰੋਮਨ – ਛੋਟੇ < i, ii, iii...>

**2.2 ਅਖਰ ਰੂਪ ਵਿਚ**

**2.2.1** ਮੌਲਿਕ/ਗੁਰਮੁਖੀ < ੳ, ਅ, ੲ...>

**2.2.2** (ੳ) ਰੋਮਨ – ਵਡੇ < A, B, C...>

(ਅ) ਰੋਮਨ – ਛੋਟੇ < a, b, c...>

**2.3 ਸ਼ਬਦ ਰੂਪ ਵਿਚ**

**2.3.1** (ੳ) ਅੰਕ-ਧੁਨਿਤ < ਇਕ, ਦੋ, ਤਿੰਨ...>

**2.3.2** (ਅ) ਦਰਜਾ ਰੂਪ < ਪਹਿਲਾ, ਦੂਜਾ, ਤੀਜਾ...>

ਗੁਰਮੁਖੀ ਲੇਖਣੀ ਵਿਚ ਉਕਤ ਅੰਕ-ਚਿੰਨ੍ਹਾਂ ਵਿਚੋਂ ਵਧੇਰੇ ਵਰਤੋਂ ਅਰਬੀ ਮੂਲਕ ਅੰਕਾਂ <0, 1, 2,3...> ਦੀ ਹੀ ਹੈ। ਇਨ੍ਹਾਂ ਦੀ ਵਰਤੋਂ ਕੇਵਲ ਗੁਰਮੁਖੀ ਲਿਖਤਾਂ ਵਿਚ ਹੀ ਨਹੀਂ, ਬਲਕਿ ਇਹ ਭਾਰਤੀ ਭਾਸ਼ਾਵਾਂ ਦੀਆਂ ਸਭ ਲਿਖਤਾਂ ਵਿਚ ਵਰਤੀ ਜਾਂਦੀ ਹੈ, ਬਲਕਿ ਇਹ ਤਾਂ ਵਿਸ਼ਵ ਭਰ ਵਿਚ ਹਰਮਨ-ਪਿਆਰੇ ਅੰਕ-ਚਿੰਨ੍ਹ ਹਨ। ਉਂਞ ਗੁਰਮੁਖੀ ਦੇ ਮੌਲਿਕ ਅੰਕ-ਚਿੰਨ੍ਹ <0, ੧, ੨, ੩...> ਵੀ ਹਨ, ਜਿੰਨ੍ਹਾਂ ਦੀ ਵਰਤੋਂ ਧਾਰਮਿਕ ਵਿਸ਼ਿਆਂ ਦੀਆਂ ਲਿਖਤਾਂ ਤਕ ਸੁੰਗੜ ਗਈ ਹੈ, ਜਦਕਿ ਮੌਲਿਕ ਹੋਣ ਕਾਰਨ ਇਹ ਹਰੇਕ ਥਾਂ ਵਰਤੇ ਜਾਣੇ ਜ਼ਰੂਰੀ ਹਨ। ਰੋਮਨ ਅੰਕ < I, II, III; i, ii, iii...> ਆਮ ਕਰਕੇ ਪੰਜਾਬੀ (ਗੁਰਮੁਖੀ) ਪੁਸਤਕਾਂ ਦੀਆਂ ਭੂਮਿਕਾਵਾਂ ਵਿਚ ਪੰਨਾ ਨੰਬਰ ਵਜੋਂ ਜਾਂ ਮੁਖ ਅੰਕਾਂ ਵਜੋਂ ਵਰਤੇ ਜਾਂਦੇ ਹਨ। ਕਈ ਲਿਖਤਾਂ ਵਿਚ (ਭੂਮਿਕਾਵਾਂ ਵਿਚ) ਵਿਸ਼ੇਸ਼ ਗਿਣਤੀ <ੳ, ਅ, ੲ...> ਨਾਲ ਵੀ ਕੀਤੀ ਮਿਲਦੀ ਹੈ। ਕਿਸੇ ਇਕ-ਅਧ ਲਿਖਤ ਵਿਚ ਅੰਗਰੇਜ਼ੀ ਦੇ ਅੰਕ-ਧੁਨਿਤ (one, two, three...) ਸ਼ਬਦ-ਰੂਪ ਵੀ ਪੰਨਾ-ਕ੍ਰਮ ਨੰਬਰ ਵਜੋਂ ਵਰਤੇ ਮਿਲ ਜਾਂਦੇ ਹਨ। ਰਿਪੋਰਟਾਂ ਜਾਂ ਨਤੀਜਿਆਂ ਦੇ ਦਰਜਿਆਂ ਲਈ ਕ੍ਰਮ ਅਕਸਰ ਸ਼ਬਦ-ਰੂਪ 'ਪਹਿਲਾ, ਦੂਜਾ, ਤੀਜਾ' ਰਾਹੀਂ ਗਿਣੇ/ਸੂਚਿਤ ਕੀਤੇ ਜਾਂਦੇ ਹਨ। ਕਈ ਸਜਣ ਰੋਮਨ ਦੇ ਛੋਟੇ ਅੰਕ ਬਰੈਕਟਾਂ ਸਮੇਤ ਪਾਉਣਗੇ/ਵਰਤਣਗੇ, ਜਿਵੇਂ < (i), (ii), (iii)...>। ਗੁਰਮੁਖੀ ਅਖਰ ਵੀ ਇਸੇ ਤਰ੍ਹਾਂ <(ੳ), (ਅ), (ੲ)...> ਵਰਤੇ ਮਿਲਦੇ ਹਨ। ਕਈ ਸਜਣ ਇਨ੍ਹਾਂ ਨਾਲ < . > ਬਿੰਦੀ ਦੀ ਵਰਤੋਂ ਕਰਦੇ ਹਨ, ਜਿਵੇਂ <1. 2. 3.>। ਅਸਲ ਵਿਚ ਇਨ੍ਹਾਂ ਦਾ ਕੋਈ ਨਿਸ਼ਚਿਤ ਵਿਧਾਨ ਨਹੀਂ ਅਤੇ ਇਹ ਕਾਫ਼ੀ ਜਟਿਲ ਪ੍ਰਕ੍ਰਿਆ ਹੈ। ਘਟੋ-ਘਟ ਉਪਾਧੀ-ਸਾਪੇਖ ਖੋਜ ਕਾਰਜਾਂ ਵਿਚ ਇਨ੍ਹਾਂ ਦਾ ਵਿਧਾਨ, ਪ੍ਰਮਾਣਿਕ ਤੇ ਨਿਸ਼ਚਿਤ ਹੋਣਾ ਚਾਹੀਦਾ ਹੈ।

ਗੁਰਬਾਣੀ ਸੰਪਾਦਨਾ ਤੇ ਲੇਖਣੀ-ਵਿਧਾਨ (orthography) ਦਾ ਵਿਸ਼ੇਸ਼ ਅੰਗ ਅੰਕ-ਪ੍ਰਬੰਧ, ਬਾਣੀ ਵਿਚ ਕਈ ਪਧਰਾਂ ਉਤੇ ਕਾਰਜਸ਼ੀਲ ਹੈ। ਗੁਰਬਾਣੀ ਵਿਚ ਅੰਕ-ਚਿੰਨ੍ਹ ਵਰਤੋਂ, ਸਰੂਪ, ਉਚਾਰਨ ਤੇ ਸੰਦਰਭ ਪਖੋਂ ਇਹ ਪ੍ਰਬੰਧ ਅਤਿਅੰਤ ਗੰਭੀਰ ਤੇ ਜਟਿਲ ਹੈ ਅਤੇ ਇਹ ਲੰਮੇ ਸਮੇਂ ਤੇ ਮਿਹਨਤ ਦੀ ਮੰਗ ਕਰਦਾ ਹੈ। ਇਥੇ ਆਰਥੋਗ੍ਰਾਫ਼ੀ ਦੀ ਵਸਤੂ ਵਜੋਂ ਕਾਰਜਸ਼ੀਲ ਬਾਣੀ ਦੇ ਅੰਕ ਚਿੰਨ੍ਹਾਂ ਦੇ ਕੁਝ ਜ਼ਰੂਰੀ ਵੇਰਵੇ ਦੇਣ ਦਾ ਜਤਨ ਕੀਤਾ ਗਿਆ ਹੈ।

### 3. ਰਹਾਉ ਪ੍ਰਬੰਧ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤੀਜੀ ਸੰਪਾਦਕੀ ਜੁਗਤ ਰਹਾਉ-ਪ੍ਰਬੰਧ ਹੈ। 'ਰਹਾਉ' ਇਕ ਐਸਾ ਪ੍ਰਬੰਧ ਹੈ, ਜਿਹੜਾ ਗੁਰਬਾਣੀ ਸੰਪਾਦਨ ਜੁਗਤ ਦਾ ਇਕ ਵਿਸ਼ੇਸ਼ ਭਾਗ ਹੈ। ਇਸ ਜੁਗਤ ਦੁਆਰਾ ਬਾਣੀ ਪਾਠ, ਅਰਥ ਤੇ ਕੀਰਤਨ ਨੂੰ ਇਕ ਸਥਾਈ ਅਤੇ ਨਿਸ਼ਚਿਤ ਸੇਧ ਪ੍ਰਦਾਨ ਕੀਤੀ ਗਈ ਹੈ। 'ਰਹਾਉ' ਪਦ ਦੀ ਵਿਆਖਿਆ ਵਿਦਵਾਨਾਂ ਨੇ ਗੁਰਬਾਣੀ ਦੇ ਕੇਂਦਰੀ ਤਤ ਵਜੋਂ ਕੀਤੀ ਹੈ। ਇਸ ਸੰਬੰਧੀ ਭਾਈ ਕਾਨ੍ਹ ਸਿੰਘ ਨਾਭਾ ਨੇ ਰਹਾਉ ਪਦ ਦੇ ਅਰਥ ਸੰਗਯਾ- ਰਹਿਣ ਦਾ ਭਾਵ ਇਸਥਿਤ, ਵਿਸ਼੍ਰਾਮ; ਸ੍ਵਰ ਅਤੇ ਪਾਠ ਦੀ ਧਾਰਨਾ ਆਦਿ ਕੀਤੇ ਹਨ। ਉਨ੍ਹਾਂ ਅਨੁਸਾਰ ਰਹਾਉ ਦੇ ਅਰਥ ਟੇਕ ਸਥਾਈ, ਉਹ ਪਦ, ਜੋ ਗਾਉਣ ਵੇਲੇ ਵਾਰ ਵਾਰ ਅੰਤਰੇ ਪਿਛੋਂ ਵਰਤਿਆ ਜਾਵੇ ਵੀ ਹਨ।

#### 3.1 ਰਹਾਉ ਦੂਜਾ

ਇਕ ਸ਼ਬਦ ਵਿਚ ਜਿਥੇ ਸਥਾਈ ਲਈ ਦੋ ਤੁਕਾਂ ਰਚੀਆਂ ਹਨ, ਉਥੇ ਇਹ ਪਦ ਵਰਤਿਆ ਹੈ। ਦੋਹਾਂ ਵਿਚ ਗਾਉਣ ਵਾਲੇ ਦੀ ਮਰਜੀ ਹੈ, ਜਿਸ ਟੇਕ ਨੂੰ ਚਾਹੇ ਵਰਤੇ, ਜਿਵੇਂ- ਸੋਰਠ ਮ: ੫ ਦੀ ਅਸਟਪਦੀ "ਪਾਠ ਪੜਿਓ ਅਰੁ ਬੇਦੁ ਬੀਚਾਰਿਓ" ਵਿਚ ਦੇ ਰਹਾਉ ਹਨ- "ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ" ਅਤੇ "ਤੇਰੇ ਸੇਵਕ ਇਹ ਰੰਗਿ ਮਾਤਾ"। ਸੰਪਰਦਾਈ ਗਿਆਨੀ ਦਸਦੇ ਹਨ ਕਿ ਸਾਰੇ ਸ਼ਬਦ ਦਾ ਸਿਧਾਂਤ ਅਤੇ ਕੇਂਦਰੀ ਖਿਆਲ ਰਹਾਉ ਦੀ ਤੁਕ ਵਿਚ ਹੀ ਹੁੰਦਾ ਹੈ। ਪੰਡਿਤ ਤਾਰਾ ਸਿੰਘ ਨਰੋਤਮ ਅਨੁਸਾਰ:

> *ਗੁ. ਟੇਕ, ਗਾਯਨ ਮੇ ਆਗੇ ਪੀਛੇ ਕਾ ਪਾਠ ਗਾਯ ਗਾਯ ਕੇ, ਬਾਰ ਬਾਰ ਗਵਈਆ ਲੋਗ ਇਸ ਕੇ ਸਮੀਪ ਪਾਠ ਕੋ ਗਾਤੇ ਹੈਂ, ਯਾ ਤੇ ਔਰ ਭਾਖਾ ਪੋਥੀਓ ਕੇ ਪਦੋਂ ਮੇਂ ਜਿਸ ਕੋ ਧ੍ਰਵ ਕੋਈ ਟੇਕ ਕਹਤੇ ਹੈ, ਗ੍ਰੰਥ ਸਾਹਿਬ ਜੀ ਮੇ ਉਸ ਕਾ ਨਾਮ ਰਹਾਉ ਹੈ; ਗੁਰਮਤ ਮੇ ਸੰਕੇਤ ਹੈ ਰਹਾਉ ਵਾਲੀ ਤੁਕੋਂ ਮੇਂ ਕਹਾ ਅਰਥ ਹੀ ਬਹੁਤ ਕਰ ਸਮਰਕ ਸਬਦ ਮੇ ਪ੍ਰਕਾਸ ਕੀਆ ਹੋਤਾ ਹੈ ਜੈਸੇ ਸਲੋਕੋ ਮੇ ਕਹਯਾ ਅਰਥ ਸੁਖਮਨੀ ਕੀ ਅਸਟਪਦੀਓ ਮੇਂ ਬਰਨਨ ਕੀਆ ਗਯਾ ਹੈ, ਯਾ ਤੇ ਤੁਕਾ ਦਾ ਮੂਲ ਹੈ ਔਰ ਤੁਕਾਂ ਸਭ ਟੀਕਾ ਹੈ। ਕਹੀ ਕਹੀ ਰਹਾਉ ਬਹੁਤੇ ਹੋਤੇ ਹੈਂ, ਤਹਾਂ ਭੀ ਗਵਈਓ ਕੇ ਗਯਾਨ ਔਰ ਗੁਨੀ ਕੇ ਅਰਥ ਮੋ ਵਹੀ ਬਯਵਸਥਾ ਹੈ, ਯਹ ਕਈ ਗੁਨੀਓ ਕਾ ਮਤ ਹੈ। ਰਹੋ, ਯਥਾ ਭਾਈ ਰੇ ਗੁਰਮਤਿ ਸਾਚਿ ਰਹਾਉ। ਸੁੰਦਰ ਕੰਠ, ਜੈਸੇ-ਇਸ ਪਾਠੀ ਕਾ ਕਿਆ ਰਹਾਉ ਹੈ।*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਮਕਲੀ ਕੀ ਵਾਰ ਦੀ ਪਹਿਲੀ ਪਉੜੀ ਦੇ ਅੰਤ ਵਿਚ ਰਹਾਉ ਸ਼ਬਦ ਦਿਤਾ ਹੈ, ਜਿਸ ਦਾ ਅਰਥ ਹੈ ਕਿ ਇਹ ਤੁਕ ਹਰੇਕ ਪਉੜੀ ਦੇ ਅੰਤ ਵਿਚ ਜੋੜ ਕੇ ਪੜ੍ਹਨੀ ਹੈ, ਅਰਥਾਤ ਹਰੇਕ ਪਉੜੀ ਦੇ ਅੰਤ ਵਿਚ 'ਵਾਹੁ ਵਾਹੁ ਸਚੇ ਪਾਤਿਸਾਹਿ ਤੂ ਸਚੀ ਨਾਈ' ਪੜ੍ਹਨਾ ਜਰੂਰੀ ਹੈ।

ਕੋਈ ਸ਼ਬਦ ਜਿੰਨ੍ਹਾਂ ਦੀ 'ਸਥਾਈ' ਲਈ ਦੋ ਤੁਕਾਂ ਰਚੀਆਂ ਹਨ ਉਥੇ 'ਰਹਾਉ ਦੂਜਾ' ਪਦ ਵਰਤਿਆ ਹੈ। ਕੀਰਤਨ ਕਰਨ ਵਾਲਾ ਦੋਹਾਂ ਰਹਾਉ ਦੇ ਪਦਿਆਂ ਵਿਚੋਂ ਕਿਸੇ ਨੂੰ ਵੀ ਸ਼ਬਦ ਦੀ ਸਥਾਈ ਜਾਂ ਟੇਕ ਮੰਨ ਕੇ ਗਾ ਸਕਦਾ ਹੈ।

**ਡਾ. ਵਿਕਰਮ ਸਿੰਘ ਅਨੁਸਾਰ** ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਰਹਾਉ ਪ੍ਰਬੰਧ ਵਿਆਪਕ ਰੂਪ ਵਿਚ ਪਾਇਆ ਜਾਂਦਾ ਹੈ। ਰਹਾਉ ਦਾ ਪਦਾ ਸ਼ਬਦ ਦੇ ਕੇਂਦਰੀ ਭਾਵ ਦਾ ਪਦਾ ਹੁੰਦਾ ਹੈ ਜੋ ਗਾਇਨ ਕਰਨ ਸਮੇਂ ਸਭ ਤੋਂ ਪਹਿਲਾਂ ਗਾਇਆ ਜਾਂਦਾ ਹੈ ਅਤੇ ਫਿਰ ਸ਼ਬਦ ਵਿਚ ਦਿਤੇ ਹੋਏ ਦੂਸਰੇ ਪਦਿਆਂ (ਅੰਤਰੇ) ਤੋਂ ਪਿਛੋਂ ਵੀ ਗਾਇਨ ਕੀਤਾ ਜਾਂਦਾ ਹੈ। ਸ਼ਬਦ ਗਾਇਨ ਕਰਨ ਸਮੇਂ ਰਹਾਉ ਦੇ ਪਦੇ ਨੂੰ ਸਥਾਈ ਬਣਾਇਆ ਜਾਂਦਾ ਹੈ। ਇਸ ਸਮੇਂ ਨੂੰ ਵਾਰ-ਵਾਰ ਹਰੇਕ ਅੰਤਰੇ ਦੇ ਪਿਛੋਂ ਵੀ ਗਾਇਆ ਜਾਂਦਾ ਹੈ। ਇਹ ਵਿਧੀ ਸ਼ਬਦ ਗਾਇਨ ਕਰਨ ਵਿਚ ਸਥਾਈ ਬਣਾਇਆ ਜਾਂਦਾ ਹੈ। ਇਸ ਨੂੰ ਵਾਰ-ਵਾਰ ਹਰੇਕ ਅੰਤਰੇ ਪਿਛੋਂ ਵੀ ਗਾਇਆ ਜਾਂਦਾ ਹੈ। ਇਹ ਵਿਧੀ ਸ਼ਬਦ ਗਾਇਨ ਕਰਨ ਵਿਚ ਵਰਤੀ ਜਾਂਦੀ ਹੈ। ਇਸ ਨੂੰ ਵਾਰ-ਵਾਰ ਗਾਇਨ ਕਰਕੇ ਸ਼ਬਦ ਦਾ ਕੇਂਦਰ ਭਾਵ ਦ੍ਰਿੜ ਕਰਾਉਣਾ ਹੀ ਮੂਲ ਮਨੋਰਥ ਹੈ।

ਗੁਰਬਾਣੀ ਦੇ ਸ਼ਬਦ ਨੂੰ ਜਦੋਂ ਸਾਧਾਰਨ ਵਿਚ ਪੜ੍ਹਨਾ ਹੋਵੇ ਤਾਂ ਸਾਰਾ ਸ਼ਬਦ ਸ਼ੁਰੂ ਤੋਂ ਲੈ ਕੇ ਅੰਤ ਤਕ ਲਗਾਤਾਰ ਪੜਿਆ ਜਾਂਦਾ ਹੈ। ਸ਼ਬਦ ਵਿਚ, ਰਹਾਉ ਦਾ ਪਦਾ ਜਿਥੇ ਹੋਵੇ ਉਥੇ ਹੀ ਪੜ੍ਹਿਆ ਜਾਂਦਾ ਹੈ। ਸਾਰੇ ਸ਼ਬਦ ਦਾ ਮੁਖ ਭਾਵ ਰਹਾਉ ਦੇ ਪਦੇ ਵਿਚ

ਪ੍ਰਗਟ ਕੀਤਾ ਹੁੰਦਾ ਹੈ। ਸ਼ਬਦ ਦੇ ਬਾਕੀ ਪਦੇ (ਅੰਤਰੇ), ਰਹਾਉ ਵਾਲੇ ਪਦੇ ਦੇ ਕੇਂਦਰੀ ਭਾਵ ਨੂੰ ਸਪਸ਼ਟ ਕਰਨ ਲਈ ਪ੍ਰਮਾਣ ਉਕਤੀਆਂ, ਦਲੀਲਾਂ ਆਦਿ ਦੇ ਕੇ ਉਸ ਦਾ ਵਿਸਥਾਰ ਕਰਨ ਲਈ ਹੁੰਦੇ ਹਨ। ਇਸ ਤਰ੍ਹਾਂ ਸ਼ਬਦ ਦਾ ਸਮੁਚਾ ਵਿਚਾਰ ਸ਼ਬਦ ਦੇ ਵਿਚ ਹੀ ਪੂਰੀ ਤਰ੍ਹਾਂ ਰਹਾਉ ਵਿਚ ਦਿਤੇ ਵਿਚਾਰ ਦੁਆਲੇ ਗੁੰਦਿਆ ਹੁੰਦਾ ਹੈ।

**ਇਕ ਤੋਂ ਵਧ ਰਹਾਉ**

ਗੁਰਬਾਣੀ ਵਿਚ, ਕਈ ਵਾਰ ਸ਼ਬਦਾਂ ਵਿਚ ਰਹਾਉ ਦੇ ਪਦੇ (ਸਥਾਈ ਰੂਪ ਵਿਚ) ਇਕ ਤੋਂ ਜਿਆਦਾ (ਦੋ, ਤਿੰਨ, ਚਾਰ, ਛੇ) ਵਾਰੀ ਵੀ ਆਉਂਦੇ ਹਨ :

| | | |
|---|---|---|
| ਦੋ ਵਾਰੀ ਰਹਾਉ | (ਰਾਗ ਸਿਰੀਰਾਗੁ ਮਹਲਾ ੧) | ੨੪, ੨੬ |
| ਰਹਾਉ ਦੂਜਾ | ਆਸਾ ਮਹਲਾ ੫ | ੩੮੫ |
| ਤਿੰਨ ਵਾਰੀ ਰਹਾਉ ਦੂਜਾ | ਗਉੜੀ ਚੇਤੀ ਮਹਲਾ ੫ | ੧੫੪-੫੫ |
| ਚਾਰ ਵਾਰੀ ਰਹਾਉ ਦੂਜਾ | ਸਿਰੀਰਾਗ ਮਹਲਾ ੧ | ੧੬-੧੭ |
| ਚਾਰ ਵਾਰੀ ਰਹਾਉ ਦੂਜਾ | ਆਸਾ ਮਹਲਾ ੧ | ੩੫੬ |
| ਚਾਰ ਵਾਰੀ ਰਹਾਉ ਦੂਜਾ | ਧਨਾਸਰੀ ਮਹਲਾ ੧ | ੬੬੦ |
| ਚਾਰ ਵਾਰੀ ਰਹਾਉ ਦੂਜਾ | ਸੂਹੀ ਮਹਲਾ ੫ | ੭੩੪ |
| **ਛੇ ਵਾਰੀ ਰਹਾਉ ਦੂਜਾ** | **ਸਿਰੀਰਾਗ ਮਹਲਾ ੪** | **੮੧-੮੨** |

ਸਬਦ ਵਿਚ ਦੋ ਰਹਾਉ

ਬਿਨੁ ਤੇਲ ਦੀਵਾ ਕਿਉ ਬਲੈ॥੧॥ਰਹਾਉ॥
ਇਹੁ ਤੇਲੁ ਦੀਵਾ ਇਉ ਜਲੈ॥
ਕਰਿ ਚਾਨਣੁ ਸਾਹਿਬ ਤਉ ਮਿਲੈ॥੧॥ਰਹਾਉ॥ (ਸਿਰੀ ਰਾਗ ਮਹਲਾ ੧, ੨੪, ੨੬)

ਇਸ ਸ਼ਬਦ ਵਿਚ ਦੋ ਰਹਾਉ ਹਨ, ਚਾਰ ਪਦੇ ਅੰਤਰੇ ਦੇ ਹਨ ਅਤੇ ਦੋ ਪਦੇ ਰਹਾਉ ਦੇ ਹਨ। 'ਬਿਨੁ ਤੇਲੁ ਦੀਵਾ ਕਿਉ ਬਲੈ॥੧॥ਰਹਾਉ॥' ਰਹਾਉ ਦੇ ਇਸ ਪਦੇ ਦਾ ਸਬੰਧ ਗਾਇਨ ਕਰਨ ਅਤੇ ਵਿਚਾਰ ਕਰਨ ਲਈ ਪਹਿਲੇ ਅੰਤਰੇ ਦੇ ਪਦੇ ਨਾਲ ਹੈ। ਇਸ ਦੇ ਦੂਸਰੇ ਰਹਾਉ 'ਇਹ ਤੇਲੁ ਦੀਵਾ ਇਉ ਜਲੈ॥ ਕਰਿ ਚਾਨਣੁ ਸਾਹਿਬ ਤਉ ਮਿਲੈ॥੧॥ਰਹਾਉ॥' ਦਾ ਸਬੰਧ ਬਾਕੀ ਦੇ ਤਿੰਨੇ ਪਦਿਆਂ (ਅੰਤਰਿਆਂ ਨੰ. 2, 3, 4)

*ਮਨਿ ਹਰਿ ਹਰਿ ਜਪਨੁ ਕਰੇ॥*
*ਹਰਿ ਗੁਰ ਸਰਣਾਈ ਭਜਿ ਪਉ ਜਿੰਦੂ ਸਭ ਕਿਲਵਿਖ ਦੁਖ ਪਰਹਰੇ॥੧॥ਰਹਾਉ॥*
*ਹਰਿ ਧਿਆਵਹੁ ਹਰਿ ਪ੍ਰਭੁ ਸਤਿ॥*
*ਗੁਰ ਬਚਨੀ ਹਰਿ ਪ੍ਰਭੁ ਜਾਣਿਆ ਸਭ ਹਰਿ ਪ੍ਰਭੁ ਤੇ ਉਤਪਤਿ ॥੧॥ਰਹਾਉ॥*
*ਹਰਿ ਧਿਆਵਹੁ ਸਾਸਿ ਗਿਰਾਸਿ॥*
*ਮਨਿ ਪ੍ਰੀਤਿ ਲਗੀ ਤਿਨਾ ਗੁਰਮੁਖਾ ਹਰਿ ਨਾਮੁ ਜਿਨਾ ਰਹਰਾਸਿ॥੧॥ਰਹਾਉ॥* (੮੧, ੮੨),

ਇਸ ਸ਼ਬਦ ਵਿਚ ਛੇ ਰਹਾਉ (ਸਥਾਈ) ਦੇ ਪਦੇ ਹਨ ਅਤੇ ਛੇ ਹੀ ਅੰਤਰੇ ਦੇ ਪਦੇ ਹਨ। ਹਰ ਇਕ ਅੰਤਰੇ ਦੇ ਪਿਛੋਂ ਰਹਾਉ ਦਾ ਪਦਾ ਦਿਤਾ ਹੋਇਆ ਹੈ। ਸੋ ਸ਼ਬਦ ਦਾ ਗਾਇਨ ਕਰਨ ਸਮੇਂ ਹਰ ਇਕ ਅੰਤਰੇ ਦੇ ਨਾਲ ਉਸ ਦੀ ਸਥਾਈ ਦਿਤੀ ਹੋਈ ਹੈ। ਜਦੋਂ ਇਸ ਸ਼ਬਦ ਦੀ ਵਿਚਾਰ ਕਰਨੀ ਹੋਵੇ ਤਾਂ ਇਸ ਦੇ ਰਹਾਉ ਦੇ ਪਦਿਆਂ ਵਿਚ ਛੇ ਮੁਖ ਵਿਸ਼ੇ ਉਤੇ ਵਿਆਖਿਆ ਦੀ ਸੰਬੰਧਤ ਅੰਤਰਿਆਂ ਵਿਚ ਦਿਤੀ ਗਈ ਹੈ।

ਉਪਰ ਦਸੀ ਸਾਰੀ ਵਿਚਾਰ ਤੋਂ ਸਪਸ਼ਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਨੂੰ ਗਾਇਨ ਕਰਨ ਤੇ ਵਿਚਾਰ ਕਰਨ ਲਈ ਇਸ ਵਿਚ ਰਹਾਉ ਦਾ ਪ੍ਰਬੰਧ ਕਰਕੇ ਇਸ ਦੀ ਮਰਯਾਦਾ ਸਥਾਪਿਤ ਕੀਤੀ ਹੋਈ ਹੈ।

**ਵਡੀਆਂ ਬਾਣੀਆਂ ਵਿਚ ਰਹਾਉ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਵਡੀਆਂ (ਵਿਸਥਾਰ ਵਾਲੀਆਂ) ਬਾਣੀਆਂ ਹਨ ਜਿੰਨ੍ਹਾਂ ਵਿਚ 'ਰਹਾਉ' ਵੀ ਆਉਂਦਾ ਹੈ। ਇਨ੍ਹਾਂ ਬਾਣੀਆਂ ਦੇ ਰਹਾਉ ਦੇ ਪਦੇ ਵਿਚ ਸਮੁਚੀ ਬਾਣੀ ਦਾ ਕੇਂਦਰੀ ਭਾਵ ਦਿਤਾ ਗਿਆ ਹੈ।

ਜਦੋਂ ਇਨ੍ਹਾਂ ਵਡੀਆਂ ਬਾਣੀਆਂ ਦਾ ਸਾਧਾਰਨ ਰੂਪ ਵਿਚ ਪਾਠ ਕੀਤਾ ਜਾਂਦਾ ਹੈ ਜਦੋਂ ਇਹ ਇਕ ਸਿਰੇ ਤੋਂ ਅਖੀਰ ਤਕ ਲਗਾਤਾਰ ਪੜ੍ਹੀਆਂ ਜਾਂਦੀਆਂ ਹਨ ਤਾਂ ਇਨ੍ਹਾਂ ਵਿਚ ਲਿਖੇ ਹੋਏ ਰਹਾਉ ਦੇ ਪਦੇ ਨਿਸਚਿਤ ਸਥਾਨਾਂ ਉਤੇ ਇਕੋ ਵਾਰ ਪੜ੍ਹੇ ਜਾਂਦੇ ਹਨ। ਇਹ ਰਹਾਉ ਦੇ ਪਦੇ ਵਾਰ-ਵਾਰ, ਸਥਾਈ ਪਦੇ ਵਾਂਗ, ਪਾਠ ਕਰਨ ਸਮੇਂ ਦੁਹਰਾਏ ਨਹੀਂ ਜਾਂਦੇ।

ਲਿਖੇ ਰਹਾਉ ਦੇ ਪਦੇ, ਸਥਾਈ ਬਣਾ ਕੇ, ਸੰਗੀਤ ਦੀ ਮਰਯਾਦਾ ਅਨੁਸਾਰ, ਅੰਤਰਿਆਂ ਤੋਂ ਪਹਿਲਾਂ ਤੇ ਪਿਛੋਂ ਗਾਇਨ ਵੀ ਕੀਤੇ ਜਾ ਸਕਦੇ ਹਨ।

ਉਪਰ ਦਿਤੇ ਵਿਵਰਣ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੋ ਵੀ ਵੀਚਾਰ ਦਿਤਾ ਜਾਂਦਾ ਹੈ। ਉਹ ਨਿਸ਼ਚਿਤ ਮਰਯਾਦਾ ਵਿਚ ਹੈ, ਰਹਾਉ ਪ੍ਰਬੰਧ ਵਿਚ ਹੈ। ਸ਼ਬਦ ਜਾਂ ਬਾਣੀ ਦੇ ਵਿਚ ਹੀ ਰਹਾਉ ਦੇ ਕੇ ਉਸ ਦਾ ਕੇਂਦਰੀ ਭਾਵ, ਵਿਚਾਰ ਸਪਸ਼ਟ ਕਰਨ ਲਈ ਉਸ ਦੀ ਵਿਧੀ ਪੂਰਬਕ ਵਿਆਖਿਆ ਅਤੇ ਗਾਇਨ ਕਰਨ ਲਈ ਸਥਾਈ ਜਾਂ ਟੇਕ ਦੀ ਵਿਵਸਥਾ ਬਣਾਈ ਹੋਈ ਹੈ।

**ਸਾਰੰਸ਼**

ਉਪਰੋਕਤ ਤੋਂ ਸਪਸ਼ਟ ਹੁੰਦਾ ਹੈ ਕਿ ਗੁਰਬਾਣੀ ਬਹੁਤ ਹੀ ਵਿਗਿਆਨਕ ਢੰਗਾਂ ਨਾਲ ਸੰਪਾਦਿਤ ਹੋਈ ਹੈ ਅਤੇ ਇਸ ਦੇ ਅਧਾਰਾਂ ਵਿਚ ਕਈ ਤਤਕਾਰਜਸ਼ੀਲ ਹਨ। ਅਗਲੇ ਅਧਿਆਇਆਂ ਅਤੇ ਪੰਨਿਆਂ ਉਤੇ ਅਸੀਂ ਸੰਪਾਦਕੀ ਜੁਗਤਾਂ ਦੇ ਭਾਸ਼ਾਈ ਅਤੇ ਦਾਰਸ਼ਨਿਕ ਅਧਾਰਾਂ ਦੀ ਵਿਸਤ੍ਰਿਤ ਚਰਚਾ ਕਰਾਂਗੇ।